# ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਨੰ:1(4022)ਈ1/2023/ 31945 **ਦਫਤਰੀ ਹੁਕਮ** ਮਿਤੀ- 27/09/2023

ਡਾ. ਮਨਜੀਤ ਕੋਰ ਰਾਇਤ ਪੁੱਤਰੀ ਸ੍ਰੀ ਹਰਜਿੰਦਰ ਸਿੰਘ ਜੋਕਿ ਮਈ/ਜੂਨ-2023 ਦੀਆਂ ਪੀ.ਜੀ ਪ੍ਰੀਖਿਆਵਾਂ (ਐਮ.ਐਸ ਸਰਜਰੀ) ਵਿੱਚ ਅਪੀਅਰ ਹੋਈ ਸੀ ਦਾ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਵਲੋਂ ਮਿਤੀ 22.09.2023 ਨੂੰ ਐਮ.ਐਸ ਸਰਜਰੀ ਦਾ ਨਤੀਜਾ ਘੋਸ਼ਿਤ ਕੀਤੇ ਜਾਣ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇਂ ਸਬੰਧਤ ਡਾਕਟਰ ਵਲੋਂ ਇਸ ਸੰਸਥਾ ਵਿਖੇ ਸਟੇਟ ਕੋਟੇ ਅਧੀਨ ਪੀ.ਜੀ. ਕੋਰਸ ਕਰਨ ਸਮੇਂ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਧੀਨ ਇਸ ਦਫਤਰੀ ਹੁਕਮ ਰਾਹੀਂ ਸਬੰਧਤ ਡਾਕਟਰ ਦੀ ਇਸ ਸੰਸਥਾ ਦੇ ਸਰਜਰੀ ਵਿਭਾਗ ਵਿੱਚ 2 ਸਾਲ ਲਈ ਕੈਟਾਗਰੀ-6 ਅਧੀਨ ਬਤੌਰ ਸੀਨੀਅਰ ਰੈਜੀਡੈਂਟ ਚੋਣ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕੀਤੀ ਜਾਦੀ ਹੈ:-

(1) ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਸੀਨੀਅਰ ਰੈਜੀਡੈਂਟ ਡਾਕਟਰ ਦੀ ਚੋਣ ਦੇ ਹੁਕਮ ਇਸ ਸੰਸਥਾ ਦੀ ਵੈਬ ਸਾਈਟ (www.gmcpatiala.edu.in) ਤੇ Upload ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਇਸ ਸੰਸਥਾ ਦੇ ਦਫਤਰ ਵਿਖੇ ਹਾਜਰੀ ਰਿਪੋਰਟ ਪੇਸ਼ ਕਰਨਗੇ ਅਤੇ ਜੁਆਇਨਿੰਗ ਸਮਾਂ ਪੂਰਾ ਹੋਣ ਉਪਰੰਤ ਜੁਆਇਨਿੰਗ ਸਮੇ ਵਿਚ ਕਿਸੇ ਵੀ ਤਰ੍ਹਾਂ ਦੇ ਵਾਧੇ ਦੀ ਮੰਗ ਨਹੀਂ ਕੀਤੀ ਜਾਵੇਗੀ।

(2) ਚੁਣੇ ਗਏ ਉਮੀਦਵਾਰ ਦੀ ਜਿਸ ਵਿਭਾਗ ਵਿਚ ਸੀਨੀਅਰ ਰੈਜੀਡੈਂਟ ਚੋਣ ਕੀਤੀ ਗਈ ਹੈ ਉਹ ਅੰਤਿਮ ਹੋਵੇਗੀ।

(3) ਚੁਣੇ ਗਏ ਉਮੀਦਵਾਰ ਤੇ ਸਰਕਾਰ ਦੀ ਨੋਟੀਫਿਕੇਸ਼ਨ ਨੰ: 1/70/2008-2ਐਚਬੀ3(ਪੀਐਫ-1)/2268 ਮਿਤੀ 23.08.2022 ਅਤੇ ਨੋਟੀਫਿਕੇਸ਼ਨ ਮੀਮੋ ਨੰ: ਐਮ.ਈ.ਆਰ-ਐਚ.ਟੀ.ਐਚ307ਏ/125/2021-6 ਐਚ.ਬੀ3/ 2327-32 ਮਿਤੀ 26.08.2022 ਵਿਚ ਦਰਸਾਈਆਂ ਸ਼ਰਤਾਂ/ਨਿਯਮ ਲਾਗੂ ਹੋਣਗੇ।

(4) ਚੁਣੇ ਗਏ ਉਮੀਦਵਾਰ ਨੂੰ ਡਾਕੂਮੈਂਟਸ ਵੈਰੀਫਿਕੇਸ਼ਨ/ਯੋਗਤਾ ਚੈਕ ਕਰਨ ਉਪਰੰਤ ਹੀ ਜੁਆਇੰਨ ਕਰਵਾਇਆ ਜਾਵੇਗਾ ਜੇਕਰ ਉਮੀਦਵਾਰ ਦੇ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਜਾਂ ਸੀਨੀਅਰ ਰੈਜੀਡੈਂਸੀ ਦੀ ਯੋਗਤਾ ਪੂਰੀ ਨਹੀਂ ਹੁੰਦੀ ਤਾਂ ਉਸ ਉਮੀਦਵਾਰ ਦੀ ਚੋਣ ਰੱਦ ਸਮਝੀ ਜਾਵੇਗੀ।

(5) ਕੈਟਾਗਰੀ 6 ਅਧੀਨ ਚੁਣੇ ਗਏ ਉਮੀਦਵਾਰ ਜਿਸ ਵੱਲੋਂ ਆਪਣੇ ਪੀ.ਜੀ ਦਾਖਲੇ ਸਮੇ ਪੀ.ਜੀ ਕੋਰਸ ਉਪਰੰਤ ਸਰਕਾਰ ਦੀ ਦੋ ਸਾਲ ਦੀ ਸੇਵਾ ਕਰਨ ਹਿੱਤ ਸ਼ਿਓਰਟੀ ਬਾਂਡ ਭਰਿਆ ਗਿਆ ਸੀ।ਉਸ ਉਮੀਦਵਾਰਾਂ ਤੇ ਭਰੇ ਗਏ ਸ਼ਿਓਰਟੀ ਬਾਂਡ ਦੀਆਂ ਸ਼ਰਤਾ ਲਾਗੂ ਹੋਣਗੀਆਂ। ਇਸ ਲਈ ਜੇਕਰ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਨੁਸਾਰ ਉਮੀਦਵਾਰ ਵੱਲੋਂ ਚੋਣ ਉਪਰੰਤ ਆਪਣੀ ਹਾਜਰੀ ਰਿਪੋਰਟ ਇਸ ਸੰਸਥਾ ਵਿਖੇ ਪੇਸ਼ ਨਹੀਂ ਕੀਤੀ ਜਾਂਦੀ ਜਾਂ ਹਾਜਰ ਹੋਣ ਉਪਰੰਤ ਆਪਣੇ ਟੇਨਿਓਰ ਤੋਂ ਪਹਿਲਾਂ ਸੀਨੀਅਰ ਰੈਜੀਡੈਂਸੀ ਛੱਡੀ ਜਾਂਦੀ ਹੈ ਤਾਂ ਉਹ ਸ਼ਿਓਰਟੀ ਬਾਂਡ ਦੀਆਂ ਸ਼ਰਤਾਂ ਅਤੇ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 23.08.2022 ਅਨੁਸਾਰ ਬਾਂਡ ਮਨੀ ਭਰਨ ਦਾ ਪਾਬੰਦ ਹੋਵੇਗੀ।

27.9.23

ਡਾਇਰੈਕਟਰ ਪ੍ਰਿੰਸੀਪਲ
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਅੰਮਿਤਾ ਸ਼ਰਮਾ | ਸੀਨੀਅਰ ਸਹਾਇਕ ਵਿਕਰਮ ਸਿੰਘ | ਕਲਰਕ ਅਮਿਤ

ਪਿੱ:ਅੰ:ਨੰ:1(4022)ਈ1/2023/ 31946-54 ਮਿਤੀ- 27/09/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਚੰਡੀਗੜ੍ਹ।
2. ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਐਸ.ਏ.ਐਸ.ਨਗਰ (ਮੋਹਾਲੀ)।
4. ਡਾਇਰੈਕਟਰ, ਨੈਸ਼ਨਲ ਹੈਲਥ ਮਿਸ਼ਨ, ਪੰਜਾਬ, ਚੰਡੀਗੜ੍ਹ।
5. ਡਾਇਰੈਕਟਰ, ਰੂਰਲ ਡਿਵੈਲਪਮੈਂਟ ਅਤੇ ਪੰਚਾਇਤ, ਮੋਹਾਲੀ।
6. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
7. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਸਰਕਾਰੀ ਮੈਡੀਕਲ ਕਾਲਜ, ਪਟਿਆਲਾ।
8. ਇਸ ਸੰਸਥਾ ਦੇ ਸਰਜਰੀ ਵਿਭਾਗ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਚੁਣੇ ਗਏ ਉਮੀਦਵਾਰ ਨੂੰ ਸਿੱਧੇ ਤੋਰ ਤੇ ਬਤੌਰ ਸੀਨੀਅਰ ਰੈਜੀਡੈਂਟ ਹਾਜਰ ਨਾ ਕਰਵਾਇਆ ਜਾਵੇ।
9. ਇਸ ਸੰਸਥਾ ਦੇ ਸਰਜਰੀ ਵਿਭਾਗ ਵਿਚ ਸੀਨੀਅਰ ਰੈਜੀਡੈਂਸੀ ਲਈ ਚੁਣੇ ਗਏ ਉਪਰੋਕਤ ਡਾਕਟਰ ਨੂੰ ਇਹ ਹੁਕਮ ਉਹਨਾਂ ਦੀ ਈ.ਮੇਲ ਪਤੇ ਤੇ ਭੇਜੇ ਜਾਂਦੇ ਹਨ।

27.9.23

ਡਾਇਰੈਕਟਰ ਪ੍ਰਿੰਸੀਪਲ,
ਸਰਕਾਰੀ ਮੈਡੀਕਲ ਕਾਲਜ, ਪਟਿਆਲਾ

ਸੁਪਰਡੰਟ ਅੰਮਿਤਾ ਸ਼ਰਮਾ | ਸੀਨੀਅਰ ਸਹਾਇਕ ਵਿਕਰਮ ਸਿੰਘ | ਕਲਰਕ ਅਮਿਤ